

## ਨਵਾਂ
ਕਾਰਟ ਪ੍ਰੋਗਰਾਮ
19 ਅਪਰੈਲ 2021
ਤੋਂ ਸ਼ੁਰੂ ਹੁੰਦਾ ਹੈ

ਸਿਟੀ ਆਫ ਐਬਟਸਫੋਰਡ

# ਕਰਬਸਾਈਡ ਕਾਰਟ ਕੁਲੈਕਸ਼ਨ ਗਾਈਡ

*ਲਾਗੂ ਸਮਾਂ-ਸੂਚੀ*
*19 ਅਪਰੈਲ – 31 ਦਸੰਬਰ, 2021*

**ENGINEERING & REGIONAL UTILITIES**
604-864-5640 abbotsford.ca/waste

ABBOTSFORD

# ਇਸ ਤੋਂ ਪਹਿਲਾਂ ਕਿ ਅਸੀਂ ਸ਼ੁਰੂ ਕਰੀਏ, ਸਿਟੀ ਕੌਂਸਲ ਵੱਲੋਂ ਇਕ ਸੁਨੇਹਾ।

ਐਬਟਸਫੋਰਡ ਸਿਟੀ ਕੌਂਸਲ ਨੂੰ ਸੜਕ ਕਿਨਾਰਿਉਂ ਕੂੜਾ ਚੁੱਕਣ ਦੇ ਆਪਣੇ ਨਵੇਂ ਸਵੈਚਲਿਤ ਪ੍ਰੋਗਰਾਮ ਦੀ ਸ਼ੁਰੂਆਤ ਨੂੰ ਸਮਰਥਨ ਦਿੰਦਿਆਂ ਖੁਸ਼ੀ ਮਹਿਸੂਸ ਹੁੰਦੀ ਹੈ, ਜਿਹੜਾ ਸਾਡੇ ਨਿਵਾਸੀਆਂ ਲਈ ਠੋਸ ਕੂੜਾ ਚੁੱਕਣ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਨਿਪੁੰਨ ਬਣਾਵੇਗਾ। ਇਹ ਗਾਈਡ ਤੁਹਾਡੇ ਜਿਹੜੇ ਸਵਾਲ ਹੋ ਸਕਦੇ ਹਨ ਉਨ੍ਹਾਂ 'ਚੋਂ ਬਹੁਤਿਆਂ ਦੇ ਜਵਾਬ ਪੇਸ਼ ਕਰੇਗੀ, ਸਮੇਤ ਇਸਦੇ ਕਿ ਤੁਹਾਨੂੰ ਕਾਰਟਾਂ, ਕੂੜਾ ਚੁੱਕਣ ਦੀਆਂ ਸਮਾਂ-ਸੂਚੀਆਂ ਅਤੇ ਕੁਲ ਮਿਲਾਕੇ ਪ੍ਰੋਗਰਾਮ ਦੀਆਂ ਜ਼ਰੂਰਤਾਂ ਬਾਰੇ ਕੀ ਜਾਣਨ ਦੀ ਲੋੜ ਹੈ।

ਇਸ ਬਹਾਰ ਰੁੱਤੇ ਨਵੇਂ ਪ੍ਰੋਗਰਾਮ ਨੂੰ ਪੇਸ਼ ਕਰਨ ਦੇ ਇਕ ਹਿੱਸੇ ਵਜੋਂ, ਅਸੀਂ ਨਿਵਾਸੀਆਂ ਨੂੰ ਆਪਣੇ ਨਵੇਂ 240 ਲੀਟਰਾਂ ਦੇ ਕਾਰਟਾਂ 'ਚ ਆਪਣਾ ਘਰੇਲੂ ਕੂੜਾ ਪਾਉਣ ਦੀ ਪਰਖ ਲਈ ਇਕ **90 ਦਿਨਾਂ ਚੁਣੌਤੀ** ਮਨਜ਼ੂਰ ਕਰਨ ਲਈ ਆਖ ਰਹੇ ਹਾਂ। ਨਿਵਾਸੀਆਂ ਲਈ ਨਵੇਂ ਕਾਰਟਾਂ ਨੂੰ ਸੜਕ ਤੱਕ ਰੇੜਨਾਂ ਸੌਖਾ ਹੋਵੇਗਾ ਅਤੇ ਉਹ 26,400 ਤੋਂ ਵਧੇਰੇ ਘਰਾਂ ਲਈ ਆਪਣੇ ਨੇਬਰਹੁੱਡ ਵਧੇਰੇ ਸਾਫ-ਸੁਥਰੇ ਬਣਾਉਣ 'ਚ ਮਦਦ ਕਰਨਗੇ। 90 ਦਿਨਾਂ ਤੋਂ ਬਾਦ ਜੇਕਰ ਤੁਹਾਨੂੰ ਲੱਗੇ ਕਿ ਇਹ ਕਾਰਟ ਸਾਈਜ਼ ਤੁਹਾਡੇ ਕੰਮ ਨਹੀਂ ਸਾਰਦਾ ਤਾਂ ਤੁਸੀਂ ਆਪਣੀਆਂ ਘਰੇਲੂ ਲੋੜਾਂ ਅਨੁਸਾਰ ਢੁੱਕਵਾਂ ਕਾਰਟ ਸਾਈਜ਼ ਲੈ ਸਕਦੇ ਹੋਵੋਗੇ – ਜਾਂ ਤੇ ਵੱਡਾ ਜਾਂ ਛੋਟਾ। ਕਾਰਟ ਤਬਦੀਲ ਕਰ ਸਕਣ ਦੇ ਢੰਗ ਤਰੀਕੇ ਬਾਰੇ ਇਸ ਕਿਤਾਬਚੇ 'ਚ ਵਧੇਰੇ ਜਾਣਕਾਰੀ ਸ਼ਾਮਲ ਕੀਤੀ ਗਈ ਹੈ।

ਅਸੀਂ ਹਰ ਇਕ ਨੂੰ ਇਸ ਨਵੇਂ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਆਪਣਾ ਕੂੜ-ਕਬਾੜ ਘਟਾਉਣ ਦੁਆਰਾ ਆਪਣੀ ਕਮਿਊਨਿਟੀ ਦਾ ਸਮਰਥਨ ਕਰਨਾਂ ਜਾਰੀ ਰੱਖਣ ਲਈ ਉਤਸ਼ਾਹਿਤ ਕਰਦੇ ਹਾਂ। ਇਹ ਨਵਾਂ ਪ੍ਰੋਗਰਾਮ ਭਾਰੀ ਭਾਰ ਚੁੱਕਣ ਨੂੰ ਅਤੇ ਸਾਡੇ ਕੂੜ-ਕਬਾੜ ਚੁੱਕਣ ਵਾਲੇ ਵਰਕਰਾਂ ਨੂੰ ਲੱਗਦੀਆਂ ਸੱਟਾਂ ਨੂੰ ਘਟਾਵੇਗਾ ਅਤੇ ਮੁੜ-ਨਵਿਆਉਣਯੋਗ ਡੀਜ਼ਲ ਅਤੇ ਕੰਪ੍ਰੈਸਡ ਕੁਦਰਤੀ ਗੈਸ ਨਾਲ ਚੱਲਣ ਵਾਲੇ ਕੂੜਾ ਟਰੱਕਾਂ ਦੀ ਵਰਤੋਂ ਦੁਆਰਾ ਐਬਟਸਫੋਰਡ ਨੂੰ ਗਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਦੇ ਆਪਣੇ ਟੀਚੇ ਦੀ ਪ੍ਰਾਪਤੀ 'ਚ ਮਦਦ ਕਰੇਗਾ। ਇਕੱਠਿਆਂ ਮਿਲਕੇ ਕੰਮ ਕਰਨ ਦੁਆਰਾ ਅਸੀਂ ਐਬਟਸਫੋਰਡ ਨੂੰ ਵਧੇਰੇ ਜੀਵਿੰਤ ਅਤੇ ਚਿਰਸਥਾਈ ਕਮਿਊਨਿਟੀ ਬਣਾਉਣਾ ਜਾਰੀ ਰੱਖ ਸਕਦੇ ਹਾਂ ਅਤੇ 2025 ਤੱਕ ਆਪਣੇ ਕੂੜ-ਕਬਾੜ ਦਾ 90% ਰੀਸਾਈਕਲ ਅਤੇ ਕੰਪੋਸਟ ਕਰਨ ਦਾ ਆਪਣੇ ਖੇਤਰ ਦਾ ਟੀਚਾ ਪੂਰਾ ਕਰ ਸਕਦੇ ਹਾਂ।

ਆਓ ਆਪਾਂ ਅਗਾਂਹ ਵਧੀਏ!

**ਮੇਅਰ ਹੈਨਰੀ ਬਰਾਊਨ ਅਤੇ ਐਬਟਸਫੋਰਡ ਸਿਟੀ ਕੌਂਸਲ**

# ਨਵਾਂ ਪ੍ਰੋਗਰਾਮ। ਤੁਹਾਨੂੰ ਕੀ ਜਾਣਨ ਦੀ ਲੋੜ ਹੈ।

- ਨਿਵਾਸੀ ਆਪਣੇ ਘਰਾਂ ਵਿਚ ਪੁੱਜਦਾ ਕੀਤੇ ਜਾਣ ਵਾਲੇ 240 ਲੀਟਰਾਂ ਦੇ ਤਿੰਨ ਕਾਰਟ ਪ੍ਰਾਪਤ ਕਰਨਗੇ।
- ਉਹ ਘਰ ਜਿੰਨ੍ਹਾਂ 'ਚ ਰਜਿਸਟਰ ਹੋਈਆਂ ਸੈਕੰਡਰੀ ਸੁਇਟਾਂ ਹਨ, 240 ਲੀਟਰ ਵਾਲੇ ਰੀਸਾਇਕਲਿੰਗ ਕਾਰਟ ਦੀ ਥਾਂ 360 ਲੀਟਰ ਵਾਲਾ ਇਕ ਰੀਸਾਇਕਲਿੰਗ ਕਾਰਟ ਪ੍ਰਾਪਤ ਕਰਨਗੇ।
- ਕੂੜ-ਕਬਾੜ ਦੀਆਂ ਤਿੰਨਾਂ ਸਟ੍ਰੀਮਾਂ: ਰੀਸਾਇਕਲਿੰਗ, ਕੰਪੋਸਟੇਬਲ ਅਤੇ ਗਾਰਬੇਜ, ਚੋਂ ਹਰੇਕ ਵਾਸਤੇ ਇਕ ਕਾਰਟ ਮੁਹੱਈਆ ਕੀਤਾ ਜਾਵੇਗਾ।
- ਕਾਰਟ 90 ਦਿਨਾਂ ਵਾਸਤੇ ਵਰਤੇ ਜਾਣਗੇ। 90 ਦਿਨਾਂ ਤੋਂ ਬਾਦ ਨਿਵਾਸੀ ਆਪਣੇ ਘਰੇਲੂ ਕੂੜ-ਕਬਾੜ 'ਤੇ ਨਿਰਭਰ ਕਰਦਿਆਂ ਆਪਣੇ ਕਾਰਟ ਨੂੰ ਵੱਡੇ ਸਾਈਜ਼ ਦਾ ਕਰਨ ਜਾਂ ਉਸਦਾ ਸਾਈਜ਼ ਘਟਾਉਣ ਵਾਸਤੇ ਬੇਨਤੀ ਕਰ ਸਕਦੇ ਹੋਣੇਗੇ।
- ਕਰਬਸਾਈਡ ਰੀਸਾਇਕਲਿੰਗ ਦਾ ਚੁੱਕਣਾ ਹਰੇਕ ਦੂਸਰੇ ਹਫਤੇ ਚੁੱਕਣ 'ਚ ਬਦਲ ਜਾਵੇਗਾ ਅਤੇ ਇਹ ਕਰਬਸਾਈਡ ਗਾਰਬੇਜ ਦੇ ਚੁੱਕਣ ਨਾਲ ਅਦਲ ਬਦਲ ਹੋਇਆ ਕਰੇਗਾ।
- ਕਰਬਸਾਈਡ ਕੰਪੋਸਟੇਬਲ ਨੂੰ ਹਰੇਕ ਹਫਤੇ ਚੁੱਕਣਾ ਜਾਰੀ ਰਹੇਗਾ।
- ਸਾਰੀ ਸਮੱਗਰੀ ਜ਼ਰੂਰੀ ਤੌਰ 'ਤੇ ਕਾਰਟਾਂ ਦੇ ਅੰਦਰਵਾਰ ਹੋਵੇ। **19 ਅਪਰੈਲ** ਤੋਂ ਬਾਦ ਸੜਕ ਕਿਨਾਰੇ ਰੱਖੇ ਗਏ ਵਾਧੂ ਗਾਰਬੇਜ ਬੈਗ ਜਾਂ ਯਾਰਡ ਦੇ ਕੂੜ-ਕਬਾੜ ਵਾਲੇ ਬੈਗ ਚੁੱਕੇ ਨਹੀਂ ਜਾਣਗੇ।

# ਇਸ ਨੂੰ ਸਹੀ ਤਰੀਕੇ ਨਾਲ ਸ਼ੁਰੂ ਕਰੋ।


## ਕੂੜ-ਕਬਾੜ ਦੇ ਸਿਲਸਿਲੇ ਨੂੰ ਸ਼੍ਰੇਣੀਬੱਧ ਕਰਨ 'ਚ ਤੁਹਾਡੀ ਮਦਦ ਕਰਨ ਵਾਲੇ ਲਈ ਸਰੋਤ ਮੌਜੂਦ ਹਨ!

ਵੇਸਟ ਵਿਜ਼ਾਰਡ ਸਰਚ ਟੂਲਾਂ ਦੀ ਵਰਤੋਂ ਕਰਦਿਆਂ ਜਾਣੋ ਕਿ ਕੀ ਕਿੱਥੇ ਜਾਣਾ ਹੈ: **abbotsford.ca/wastewizard**

ਅਕਸਰ ਪੁੱਛੇ ਜਾਣ ਜਾਣ ਵਾਲੇ ਸਵਾਲਾਂ ਦੀ ਜਾਣਕਾਰੀ ਵਾਸਤੇ **abbotsford.ca/waste** 'ਤੇ ਆਨਲਾਈਨ ਜਾਉ, ਸਮੇਤ ਕਈ ਪ੍ਰਕਾਰ ਦੇ ਕਾਰਟ ਰੱਖਣ ਦੇ ਚਿੱਤਰਾਂ ਅਤੇ ਆਪਣਾ ਕਾਰਟ ਭਰਨ ਬਾਰੇ ਨੁਕਤੇ ਅਤੇ ਟਰਿੱਕਾਂ।

**ਕਰਬਸਾਈਡ ਕੁਲੈਕਸ਼ਨ ਐਪ** ਡਾਉਨਲੋਡ ਕਰੋ ਅਤੇ ਕੂੜ-ਕਬਾੜ ਚੁੱਕਣ ਦਾ ਦਿਨ ਯਾਦ ਕਰਾਉਣ, ਸਮਾਂ-ਸੂਚੀ ਦੀਆਂ ਤਬਦੀਲੀਆਂ ਅਤੇ ਭਾਲ ਕਰਨ ਦੇ ਵੇਸਟ ਵਿਜ਼ਾਰਡ ਟੂਲਾਂ ਸਮੇਤ ਸਾਰੀ ਜਾਣਕਾਰੀ ਆਪਣੇ ਫੋਨ ਉੱਪਰ ਪ੍ਰਾਪਤ ਕਰੋ।

ਸਾਨੂੰ **604-864-5640** 'ਤੇ ਫੋਨ ਕਰੋ ਜਾਂ **waste@abbotsford.ca**. 'ਤੇ ਆਪਣੇ ਸਵਾਲ ਈਮੇਲ ਕਰੋ।




## ਸਾਡੇ ਕੋਲ ਉਸ ਲਈ ਐਪਸ ਹਨ!

### ਇਸਨੂੰ ਸੜਕ ਕਿਨਾਰੇ ਸਮੇਂ ਸਿਰ ਰੱਖੋ!

ਕੂੜਾ ਚੁੱਕੇ ਜਾਣ ਦਾ ਦਿਨ ਮੁੜ ਕਦੇ ਨਾ ਖੁੰਝਾਉ! ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ ਤੁਹਾਨੂੰ ਤੁਹਾਡੀ ਕੂੜਾ ਚੁੱਕੇ ਜਾਣ ਦੀ ਸਮਾਂ ਸੂਚੀ, ਕੂੜੇ ਵਾਲਾ ਦਿਨ ਯਾਦ ਕਰਾਉਣ ਅਤੇ ਸੇਵਾਵਾਂ ਦੀਆਂ ਚਿਤਾਵਨੀਆਂ ਤੱਕ ਪਹੁੰਚ ਪ੍ਰਦਾਨ ਕਰਦੀ ਹੈ।


@abbotsford ਸਿਟੀ ਐਪ ਤੁਹਾਡੇ ਸੜਕ ਕਿਨਾਰਉਂ ਕੂੜਾ ਚੁੱਕਣ ਦੇ ਖੁੰਝ ਜਾਣ ਅਤੇ ਕੂੜਾ ਚੁੱਕਣ ਨਾਲ ਸਬੰਧਿਤ ਹੋਰ ਮਸਲਿਆਂ ਦੀ ਰਿਪੋਰਟ ਕਰ ਸਕਦੀ ਹੈ।

ਇਹ ਜਾਣਕਾਰੀ ਬਹੁਤ ਜ਼ਰੂਰੀ ਹੈ। ਕ੍ਰਿਪਾ ਕਰਕੇ ਕਿੱਸੇ ਕੋਲੋਂ ਇਸਦੀ ਟਰਾਂਸਲੇਸ਼ਨ (ਅਨੁਵਾਦ) ਕਰਵਾ ਲਵੋ। ਉਨੁਵਾਦ ਕੀਤੀ ਗਈ ਜਾਣਕਾਰੀ abbotsford.ca/collectionschedule ਤੇ ਉਪਲਬਧ ਹੈ।

# ਕਾਰਟ।

## ਕਾਰਟ ਸਾਈਜ਼ ਅਤੇ ਕਿਸਮਾਂ

ਕਾਰਟ ਤਿੰਨ ਸਾਈਜ਼ਾਂ 'ਚ ਉਪਲਬਧ ਹਨ। ਤਿੰਨ ਮਹੀਨਿਆਂ ਲਈ ਟਰਾਈ ਕਰਨ ਵਾਸਤੇ ਤੁਹਾਨੂੰ ਮੀਡੀਅਮ ਸਾਈਜ਼ (240 ਲੀਟਰ) ਦੇ ਕਾਰਟ ਦਿੱਤੇ ਮਿਲਣਗੇ।



120 L    240 L    360 L

## ਕਾਰਟ ਅਦਲਾ-ਬਦਲੀਆਂ

**ਕ੍ਰਿਪਾ ਕਰਕੇ ਧਿਆਨ ਦਿਓ:** ਕਾਰਟ ਐਕਸਚੇਂਜ ਬੇਨਤੀਆਂ 19 ਜੁਲਾਈ 2021 ਤੋਂ ਬਾਅਦ ਸਵੀਕਾਰ ਕੀਤੀਆਂ ਜਾਣਗੀਆਂ।

**19 ਜੁਲਾਈ 2021** ਤੋਂ ਸ਼ੁਰੂ ਹੋ ਕੇ ਛੋਟੇ ਕਾਰਟ (120 ਲੀ.), ਵੱਡੇ ਕਾਰਟ (360 ਲੀ.) ਅਤੇ ਵਧੀਕ ਕਾਰਟ ਬੇਨਤੀ ਕਰਨ 'ਤੇ ਮਿਲਣੇ ਉਪਲਬਧ ਹੋਣਗੇ। ਉਨ੍ਹਾਂ ਪ੍ਰਾਪਰਟੀਆਂ ਲਈ ਭਾਲੂ-ਰੋਕੂ ਕਾਰਟ ਵੀ ਉਪਲਬਧ ਹੋਣਗੇ ਜਿਹੜੀਆਂ ਭਾਲੂ-ਰੋਕੂ ਕਾਰਟਾਂ ਵਾਲੇ ਖੇਤਰ ਤੋਂ ਬਾਹਰ ਸਥਿਤ ਹੋਣਗੀਆਂ। ਵਧੀਕ ਫੀਸਾਂ ਲਾਗੂ ਹੋ ਸਕਦੀਆਂ ਹਨ।

ਕਾਰਟ ਅਦਲਾ-ਬਦਲੀ ਦੇ ਢੰਗ ਤਰੀਕੇ ਅਤੇ ਸਬੰਧਤ ਫੀਸਾਂ ਬਾਰੇ ਜਾਣਕਾਰੀ ਆਉਣ ਵਾਲੇ ਮਹੀਨਿਆਂ 'ਚ ਸਾਂਝੀ ਕੀਤੀ ਜਾਵੇਗੀ। **abbotsford.ca/carts** ਦਾ ਹਵਾਲਾ ਵੇਖੋ ਜਾਂ **604-864-5640** 'ਤੇ ਫੋਨ ਕਰੋ।

## ਸਮਰੱਥਾ ਦੀ ਤੁਲਨਾਂ

| ਕਾਰਟ ਸਾਈਜ਼ | ਰੀਸਾਈਕਲਿੰਗ ਸਮਰੱਥਾ | ਕੰਪੋਸਟੇਬਲਜ਼ ਸਮਰੱਥਾ | ਗਾਰਬੇਜ ਸਮਰੱਥਾ |
|---|---|---|---|
| **120 L**<br>**ਭਾਰ ਦੀ ਸੀਮਾਂ:**<br>50 ਕਿ.ਗ. ਜਾਂ 130 ਪੌਂਡ | **1.5 – 2** ਨੀਲੇ ਬੈਗ | **1.5** ਸਟੈਂਡਰਡ ਗਾਰਬੇਜ ਕੰਟੇਨਰ ਜਾਂ **1 – 2** ਵੱਡੇ ਪੇਪਰ ਯਾਰਡ ਵੇਸਟ ਬੈਗ | **1.5 - 2** ਕਾਲੇ ਗਾਰਬੇਜ ਬੈਗ |
| **240 L**<br>(ਆਮ ਕਾਰਟ ਸਾਈਜ਼)<br>**ਭਾਰ ਦੀ ਸੀਮਾਂ:**<br>110 ਕਿ.ਗ. ਜਾਂ 240 ਪੌਂਡ | **3 – 4** ਨੀਲੇ ਬੈਗ | **3** ਸਟੈਂਡਰਡ ਗਾਰਬੇਜ ਕੰਟੇਨਰ ਜਾਂ **2 – 3** ਵੱਡੇ ਪੇਪਰ ਯਾਰਡ ਵੇਸਟ ਬੈਗ | **3 - 4** ਕਾਲੇ ਗਾਰਬੇਜ ਬੈਗ |
| **360 L**<br>**ਭਾਰ ਦੀ ਸੀਮਾਂ:**<br>165 ਕਿ.ਗ. ਜਾਂ 360 ਪੌਂਡ | **5 – 6** ਨੀਲੇ ਬੈਗ | **4.5** ਸਟੈਂਡਰਡ ਗਾਰਬੇਜ ਕੰਟੇਨਰ ਜਾਂ **3 – 4** ਵੱਡੇ ਪੇਪਰ ਯਾਰਡ ਵੇਸਟ ਬੈਗ | **5 - 6** ਕਾਲੇ ਗਾਰਬੇਜ ਬੈਗ |

### ਫੌਰੀ ਨੁਕਤਾ

ਵਧੇਰੇ ਭਾਰ ਵਾਲੇ ਕਾਰਟਾਂ ਦੀ ਪਲਾਸਟਿਕ 'ਚ ਬਰੀਕ ਤਰੇੜਾਂ ਪੈ ਜਾਂਦੀਆਂ ਹਨ ਜਿਹੜੀਆਂ ਫਿਰ ਵੱਡੀਆਂ ਤਰੇੜਾਂ ਬਣ ਜਾਂਦੀਆਂ ਹਨ ਅਤੇ ਜੋ ਕਾਰਟ ਦੀ ਉਮਰ ਨੂੰ ਘਟਾ ਦੇਣਗੀਆਂ। ਯਕੀਨੀ ਹੋਵੇ ਕਿ ਤੁਹਾਡਾ ਕਾਰਟ ਸਹੀ ਭਾਰ ਵਾਲਾ ਹੈ!

# 90 ਦਿਨਾਂ ਦੀ ਚੁਣੌਤੀ

1


ਨਿਵਾਸੀਆਂ ਨੂੰ ਜ਼ਰੂਰਤ ਹੋਵੇਗੀ ਕਿ ਉਹ ਦਿੱਤੇ ਗਏ ਕਾਰਟਾਂ ਨੂੰ 90 ਦਿਨਾਂ ਲਈ ਵਰਤਣ।

2

ਕਾਰਟ ਅਦਲਾ ਬਦਲੀ ਦੀਆਂ ਬੇਨਤੀਆਂ **19 ਜੁਲਾਈ** 2021 ਤੋਂ ਸ਼ੁਰੂ ਹੋਣ 'ਤੇ ਕੀਤੀਆਂ ਜਾ ਸਕਦੀਆਂ ਹਨ।

3

ਇਸ ਤਰੀਕ ਤੋਂ ਪਹਿਲਾਂ ਪ੍ਰਾਪਤ ਹੋਈਆਂ ਬੇਨਤੀਆਂ 'ਤੇ ਅਮਲ ਨਹੀਂ ਕੀਤਾ ਜਾਵੇਗਾ।




## ਆਪਣੇ ਕਾਰਟਾਂ ਦਾ ਟਰੈਕ ਰੱਖੋ

**ਆਪਣੇ ਕਾਰਟਾਂ ਨੂੰ ਆਪਣੇ ਐਡਰੈੱਸ ਦੇ ਨਾਲ ਲੇਬਲ ਕਰੋ।**
ਦਿੱਤੀ ਗਈ ਚਿੱਟੀ ਥਾਂ 'ਤੇ ਪੱਕੇ ਮਾਰਕਰ ਨਾਲ ਆਪਣਾ ਐਡਰੈੱਸ ਲਿਖ ਲਉ।

**ਆਪਣਾ ਲੜੀ ਨੰਬਰ ਰਿਕਾਰਡ ਕਰ ਲਉ।**
ਤੁਹਾਡੇ ਕਾਰਟਾਂ ਦੇ ਸੱਜੇ ਪਾਸੇ ਇਕ ਲੜੀ ਨੰਬਰ ਮੌਜੂਦ ਹੈ ਜਿਹੜਾ ਆਪਣੇ ਕੰਟੇਨਰ ਦੀ ਪਛਾਣ ਕਰਨ ਲਈ ਨਿਵੇਕਲਾ ਹੈ। ਇਹ ਨੰਬਰ ਲਿਖ ਕੇ ਆਪਣੇ ਰਿਕਾਰਡ ਵਾਸਤੇ ਰੱਖ ਲਉ।

**ਇਹ ਕਾਰਟ ਸਿਟੀ ਦੀ ਜਾਇਦਾਦ ਹਨ ਅਤੇ ਉਨ੍ਹਾਂ 'ਚ ਤੁਹਾਡੇ ਐਡਰੈੱਸ ਵਾਲੀ ਮਾਈਕਰੋਚਿਪ ਲੱਗੀ ਹੋਈ ਹੈ। ਜੇਕਰ ਤੁਸੀਂ ਕਿਤੇ ਹੋਰ ਕਿਧਰੇ ਚੱਲੇ ਜਾਂਦੇ ਹੋ ਤਾਂ ਕਾਰਟ ਨਾਲ ਨਾ ਲੈ ਕੇ ਜਾਵੋ!**

## ਕਾਰਟਾਂ ਸਬੰਧੀ ਨੁਕਤੇ

- ਕਾਰਟਾਂ 'ਚ ਕੇਵਲ ਮਨਜ਼ੂਰਸ਼ੁਦਾ ਸਮੱਗਰੀ ਹੀ ਪਾਉ। ਜੇਕਰ ਕਿਸੇ ਵਸਤ ਬਾਰੇ ਤੁਹਾਨੂੰ ਪੱਕਾ ਪਤਾ ਨਾ ਹੋਵੇ ਤਾਂ ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ 'ਚ ਵੇਸਟ ਵਿਜ਼ਾਰਡ ਫੀਚਰ ਦੀ ਵਰਤੋਂ ਕਰੋ ਜਾਂ **abbotsford.ca/wastewizard** ਵੇਖੋ।
- ਕਾਰਟ 'ਚ ਵਸਤਾਂ ਖੁੱਲ੍ਹੀਆਂ ਰੱਖੋ।
- ਸਾਰਾ ਕੂੜ-ਕਬਾੜ ਜ਼ਰੂਰੀ ਤੌਰ 'ਤੇ ਦਿੱਤੇ ਗਏ ਕਾਰਟਾਂ 'ਚ ਫਿੱਟ ਹੋਵੇ ਅਤੇ ਢੱਕਣ ਪੂਰੀ ਤਰ੍ਹਾਂ ਬੰਦ ਹੋਣ।
- ਵੱਧ ਭਰੇ ਹੋਏ ਕਾਰਟ ਚੁੱਕੇ ਨਹੀਂ ਜਾਣਗੇ।
- ਕਾਰਟਾਂ ਉੱਪਰ ਬੈਠਣਾ, ਖੜੇ ਹੋਣਾ ਜਾਂ ਚੜਨਾਂ ਨਹੀਂ।
- ਕਾਰਟਾਂ ਨੂੰ ਉੱਚੇ ਬਣੇ ਥਾਵਾਂ ਉੱਪਰ ਨਾ ਰੱਖੋ ਜਾਂ ਸਟੋਰ ਨਾ ਕਰੋ, ਸਮੇਤ ਬਰਫ ਦੇ ਬਣੇ ਕੰਢਿਆਂ ਉੱਪਰ ਅਤੇ ਕਾਰਟਾਂ ਨੂੰ ਸਿੱਧੀ ਢਲਾਨ ਵਾਲੇ ਥਾਂ 'ਤੇ ਰੱਖਣ ਤੋਂ ਵੀ ਗੁਰੇਜ਼ ਕਰੋ।
- ਬਰਫਬਾਰੀ ਦੌਰਾਨ, ਕਾਰਟ ਨੂੰ ਬਰਫ 'ਤੇ ਆਪਣੇ ਪਿੱਛੇ ਖਿੱਚਣਾ, ਕਾਰਟ ਨੂੰ ਆਪਣੇ ਅੱਗੇ ਧੱਕਣ ਨਾਲੋਂ ਸੁਖਾਲਾ ਰਹੇਗਾ।

### ਫੌਰੀ ਨੁਕਤਾ


**ਗੁੰਮ ਹੋਏ ਜਾਂ ਨੁਕਸਾਨ ਗ੍ਰਸਤ ਕਾਰਟ**
ਬਦਲਵੇਂ ਕਾਰਟ ਲਈ ਬੇਨਤੀ ਕਰਨ ਵਾਸਤੇ ਜਾਂ ਗੁਆਚ ਗਏ ਜਾਂ ਚੋਰੀ ਹੋਏ ਗਏ ਕਾਰਟ ਵਾਸਤੇ 'ਤੇ **604-864-5640** ਫੋਨ ਕਰੋ ਜਾਂ **abbotsford.ca/carts** 'ਤੇ ਸਾਡੀ ਆਨਲਾਈਨ ਕਾਰਟ ਸੇਵਾ ਦੀ ਵਰਤੋਂ ਕਰੋ।

# ਚੁੱਕੇ ਜਾਣ ਵਾਸਤੇ ਕਾਰਟਾਂ ਨੂੰ ਬਾਹਰ ਰੱਖਣਾ

ਕੂੜਾ ਚੁੱਕੇ ਜਾਣ ਦੇ ਦਿਨ ਆਪਣੇ ਕਾਰਟਾਂ ਨੂੰ ਸਹੀ ਢੰਗ ਨਾਲ ਸੜਕ ਕਿਨਾਰੇ ਰੱਖਣਾ ਇਹ ਯਕੀਨੀ ਬਣਾਉਂਦਾ ਹੈ ਕਿ ਤੁਹਾਡੇ ਕਾਰਟ ਸੁਰੱਖਿਅਤ ਢੰਗ ਨਾਲ ਅਤੇ ਸਮਾਂ-ਸੂਚੀ ਮੁਤਾਬਿਕ ਚੁੱਕੇ ਜਾਣਗੇ। ਕਾਰਟਾਂ ਨੂੰ ਰੱਖਣਾ ਬੜਾ ਮਹੱਤਵਪੂਰਨ ਹੈ ਕਿਉਂਕਿ ਟਰੱਕ ਦੀ ਸਵੈਚਲਿਤ ਮਕਾਨੀਕਲ ਆਰਮ ਨੂੰ ਕਾਰਟ ਚੁੱਕਣ ਅਤੇ ਖਾਲੀ ਕਰਨ ਲਈ ਕਾਫੀ ਥਾਂ ਚਾਹੀਦੀ ਹੈ।

## ਫੌਰੀ ਨੁਕਤਾ

ਸਾਰੀ ਸਮੱਗਰੀ ਜ਼ੂਰਰੀ ਤੌਰ ‘ਤੇ ਕਾਰਟ ਦੇ ਅੰਦਰ ਸਹੀ ਤਰ੍ਹਾਂ ਰੱਖੀ ਹੋਵੇ ਅਤੇ ਢੱਕਣ ਪੂਰੀ ਤਰ੍ਹਾਂ ਬੰਦ ਕੀਤਾ ਹੋਵੇ। ਬਾਹਰ ਡੁੱਲ੍ਹ ਰਹੇ ਕਾਰਟਾਂ ਅਤੇ ਬਾਹਰ ਰੱਖੀ ਸਮੱਗਰੀ ਨੂੰ ਚੁੱਕਿਆ ਨਹੀਂ ਜਾਵੇਗਾ।






## ਇਸ ਨੂੰ ਰੱਖੋ

ਕੂੜਾ ਚੁੱਕੇ ਜਾਣ ਦੇ ਦਿਨ ਆਪਣੇ ਕਾਰਟਾਂ ਨੂੰ ਸਵੇਰੇ 7:00 ਵਜੇ ਤੱਕ ਸੜਕ ਕਿਨਾਰੇ ਸੈੱਟ ਕਰਕੇ ਰੱਖ ਦਿਉ। ਚੁੱਕੇ ਜਾਣ ਦੇ ਦਿਨ ਤੋਂ ਇਕ ਰਾਤ ਪਹਿਲਾਂ ਆਪਣੇ ਕਾਰਟ ਬਾਹਰ ਨਾ ਰੱਖੋ।

ਕੂੜਾ-ਕਬਾੜ ਚੁੱਕਣ ਵਾਲੇ ਵਾਹਨ ਤੁਹਾਡੇ ਘਰ ਵੱਲ ਮੁੜਕੇ ਨਹੀਂ ਆਉਣਗੇ ਜੇਕਰ ਤੁਸੀਂ ਆਪਣੇ ਕਾਰਟ ਬਾਹਰ ਲੇਟ ਰੱਖੇ ਹਨ।

ਕਾਰਟਾਂ ਨੂੰ ਇਸ ਤਰ੍ਹਾਂ ਰੱਖੋ ਕਿ ਢੱਕਣ ਉੱਪਰਲੇ ਤੀਰ ਦੇ ਨਿਸ਼ਾਨ ਦਾ ਮੂੰਹ ਸੜਕ ਵੱਲ ਨੂੰ ਹੋਵੇ ਅਤੇ ਪਹੀਏ ਕਿਨਾਰੇ ਤੋਂ ਉਲਟ ਦਿਸ਼ਾ ਨੂੰ ਹੋਣ।

ਜੇਕਰ ਤੁਹਾਡੇ ਕੋਲ ਭਾਲੂ-ਰੋਕੂ ਕਾਰਟ ਹੈ, ਤਾਂ ਕਾਰਟ ਸੜਕ ਕਿਨਾਰੇ ਰੱਖਣ ਤੋਂ ਪਹਿਲਾਂ ਉਸ ‘ਤੇ ਲੱਗੇ ਜੰਗਲੀ ਜਾਨਵਰਾਂ ਤੋਂ ਬਚਾਅ ਵਾਲੇ ਕਲਿੱਪ ਖੋਲ੍ਹ ਦਿਉ।




## ਵਿੱਥ ’ਤੇ ਰੱਖੋ

ਕਾਰਟ ਇਸ ਤਰ੍ਹਾਂ ਰੱਖੋ ਕਿ ਹਰ ਕਾਰਟ ਦੇ ਸਾਰੇ ਪਾਸੀਂ 1 ਮੀਟਰ ਦੀ ਵਿੱਥ ਯਕੀਨੀ ਹੋਵੇ।

ਯਕੀਨੀ ਬਣਾਉ ਕਿ ਹਰੇਕ ਕਾਰਟ ਤੋਂ ਉੱਪਰ ਵੱਲ ਨੂੰ 3 ਮੀਟਰ ਦੀ ਉਚਾਈ ਖਾਲੀ ਹੋਵੇ।

ਜੇਕਰ ਤੁਹਾਡੇ ਇਕ ਕਾਰਟ ਦੀ ਦੂਜੇ ਕਾਰਟ ਤੋਂ ਲੋੜੀਂਦੀ ਵਿੱਥ ਨਾ ਰੱਖੀ ਗਈ ਹੋਈ ਤਾਂ ਉਹ ਚੁੱਕਿਆ ਨਹੀਂ ਜਾਵੇਗਾ।



## ਇਨ੍ਹਾਂ ਨੂੰ ਹਟਾ ਲਉ


ਕੂੜਾ ਚੁੱਕ ਲਏ ਜਾਣ ਤੋਂ ਬਾਦ ਖਾਲੀ ਕਾਰਟਾਂ ਨੂੰ ਸੜਕ ਕਿਨਾਰਿਉਂ ਹਟਾ ਲਉ ਅਤੇ ਉਨ੍ਹਾਂ ਨੂੰ ਆਪਣੀ ਪ੍ਰਾਪਰਟੀ ‘ਚ ਸੁਰੱਖਿਅਤ ਢੰਗ ਨਾਲ ਸੰਭਾਲ ਲਉ।

**ਯਾਦ ਪੱਤਰ:**
ਕੂੜਾ ਚੁੱਕ ਲਏ ਜਾਣ ਤੋਂ ਬਾਦ ਆਪਣੇ ਕਾਰਟਾਂ ਨੂੰ ਸੜਕ ਕਿਨਾਰਿਉਂ ਹਟਾ ਲਉ ਅਤੇ ਉਨ੍ਹਾਂ ਨੂੰ ਸੁਰੱਖਿਅਤ ਏਰੀਏ ਅੰਦਰ ਸੰਭਾਲ ਲਉ।

ਅਣ-ਸੁਰੱਖਿਅਤ ਥਾਂ ‘ਤੇ ਰੱਖੇ ਕਾਰਟਾਂ ‘ਚ ਕੂੜਾ ਨਾ ਪਾਉ। ਕੂੜਾ ਪਾ ਕੇ ਬਾਹਰ ਰੱਖੇ ਕਾਰਟ ਜੰਗਲੀ ਜਾਨਵਰਾਂ ਨੂੰ ਸੱਦਾ ਦੇਣਗੇ।

## ਫੌਰੀ ਨੁਕਤਾ


ਯਕੀਨੀ ਬਣਾਉ ਕਿ ਤੁਹਾਡੇ ਕਾਰਟ ਸੜਕ ਕਿਨਾਰੇ ਸਹੀ ਢੰਗ ਨਾਲ ਰੱਖੇ ਗਏ ਹਨ ਅਤੇ ਇਕ ਦੂਸਰੇ ਤੋਂ **ਇਕ ਮੀਟਰ** ‘ਤੇ ਹਨ। ਇਕ ਕਲ-ਡਿ-ਸੈਕ ‘ਚ, ਬਾਈਕ ਲੇਨ ਦੇ ਸਾਹਮਣੇ, ਬੱਜਰੀ ਵਾਲੇ ਸ਼ੋਲਡਰ ‘ਤੇ ਜਾਂ ਸਟਰੀਟ ਪਾਰਕਿੰਗ ਵਾਲੇ ਥਾਂ ‘ਤੇ ਆਪਣਾ ਕਾਰਟ ਕਿਵੇਂ ਰੱਖਣਾ ਹੈ, ਇਸ ਬਾਰੇ ਹੋਰ ਮਿਸਾਲਾਂ ਵੇਖਣ ਲਈ **abbotsford.ca/carts** ਵੇਖੋ।




**ਇਹ ਇਕ ਮੀਟਰ ਕੀ ਹੈ?**
ਹਰੇਕ ਕਾਰਟ ਦਰਮਿਆਨ ਬਾਂਹ ਦੀ ਲੰਬਾਈ ਜਿੰਨੀ ਵਿੱਥ ਤਕਰੀਬਨ ਇਕ ਮੀਟਰ ਹੈ।

# ਰੀਸਾਇਕਲਿੰਗ।

## ਨੀਲੇ ਕਾਰਟਾਂ 'ਚ ਮਨਜ਼ੂਰ ਸਮੱਗਰੀ




## ਨੀਲੇ ਕਾਰਟ 'ਚ ਜੋ ਮਨਜ਼ੂਰ ਨਹੀਂ







### ਫੌਰੀ ਨੁਕਤਾ

ਇਨ੍ਹਾਂ 'ਚੋਂ ਬਹੁਤ ਸਾਰੀਆਂ ਵਸਤਾਂ ਡਿੱਪੂ 'ਤੇ ਵਾਪਸ ਕੀਤੀਆਂ ਜਾ ਸਕਦੀਆਂ ਹਨ। ਵਧੇਰੇ ਜਾਣਕਾਰੀ ਲਈ ਸਫਾ 9 ਵੇਖੋ।



### ਫੌਰੀ ਨੁਕਤਾ

ਆਪਣੀਆਂ ਚੀਜ਼ਾਂ ਨੂੰ ਸਿੱਧੀਆਂ ਸਪਾਟ ਕਰਨ ਦੁਆਰਾ ਆਪਣੇ ਕਾਰਟ 'ਚ ਵਧੇਰੇ ਥਾਂ ਬਣਾਉ। ਬਕਸੇ, ਦੁੱਧ ਦੀਆਂ ਕੈਨੀਆਂ ਅਤੇ ਬਹੁਤੇ ਰੀਸਾਇਕਲਿੰਗ ਕੰਟੇਨਰ ਕਾਰਟ ਵਿਚ ਵਧੇਰੇ ਸਮਾਨ ਫਿੱਟ ਕਰ ਸਕਣ ਲਈ ਸਿੱਧੇ ਸਪਾਟ ਕੀਤੇ ਜਾ ਸਕਦੇ ਹਨ। ਯਾਦ ਰੱਖੋ ਕਿਸੇ ਨੀਲੇ ਬੈਗ ਦੀ ਲੋੜ ਨਹੀਂ!

# ਪ੍ਰਦੂਸ਼ਤਤਾ

ਰੀਸਾਇਕਲਿੰਗ ਕਾਰਟ ਵਿਚ ਨਾ-ਮਨਜ਼ੂਰ ਸਮੱਗਰੀ ਪਾਉਣਾ ਰੀਸਾਇਕਲਿੰਗ ਦੇ ਅਮਲ ‘ਤੇ ਉਲਟਾ ਅਸਰ ਪਾਵੇਗਾ, ਜਿਸ ਨਾਲ ਘੱਟ ਸਮੱਗਰੀ ਰੀਸਾਇਕਲਿੰਗ ਕੀਤੀ ਜਾ ਸਕੇਗੀ। ਨਾ-ਮਨਜ਼ੂਰ ਸਮੱਗਰੀ ਜਿਵੇਂ ਪਲਾਸਟਿਕ, ਗਾਰਬੇਜ ਅਤੇ ਖਤਰਨਾਕ ਸਮੱਗਰੀ (ਬੈਟਰੀਆਂ, ਪ੍ਰੋਪੇਨ ਕੈਨਿਸਟਰ, ਤਿੱਖਾ ਮੈਡੀਕਲ ਸਮਾਨ/ਸੂਈਆਂ), ਵਰਕਰਾਂ ਲਈ ਅਣਸੁਰੱਖਿਅਤ ਹਾਲਾਤ ਪੈਦਾ ਕਰਦੀ, ਅੱਡ ਕਰਨ ਵਾਲੀਆਂ ਮਸ਼ੀਨਾਂ ਦਾ ਨੁਕਸਾਨ ਕਰਦੀ ਅਤੇ ਸਮੱਗਰੀ ਦੀ ਕੁਆਲਿਟੀ ਨੂੰ ਅਤੇ ਉਸਦੀ ਰੀਸਾਇਕਲਿੰਗ ਯੋਗਤਾ ਨੂੰ ਘਟਾਉਂਦੀ ਹੈ। ਇੱਥੋਂ ਤੱਕ ਕਿ ਕੁਝ ਪ੍ਰਾਡਕਟਾਂ ਨਾਲ ਰਹਿ ਜਾਂਦੀ ਪੈਕੇਜਿੰਗ ਵੀ ਪ੍ਰਦੂਸ਼ਤਤਾ ‘ਚ ਵਾਧਾ ਕਰਦੀ ਹੈ, ਇਸ ਲਈ ਆਪਣੇ ਕੰਟੇਨਰਾਂ ਨੂੰ ਕਾਰਟ ਵਿਚ ਸੁੱਟਣ ਤੋਂ ਪਹਿਲਾਂ ਥੋੜਾ ਹੰਗਾਲ ਲਉ। ਪ੍ਰਦੂਸ਼ਤਤਾ ਨੂੰ ਘਟਾਉਣਾ ਵਧੇਰੇ ਸਮੱਗਰੀ ਨੂੰ ਰੀਸਾਇਕਲ ਕਰ ਸਕਣ ਅਤੇ ਲੈਂਡਫਿੱਲ ‘ਚ ਜਾਣ ਤੋਂ ਬਚਾ ਸਕਣ ਲਈ ਸਹਾਈ ਹੋਵੇਗਾ।

# ਆਪਣੀ ਪ੍ਰਦੂਸ਼ਤਤਾ ਨੂੰ ਘਟਾਉ:

- ਯਕੀਨੀ ਬਣਾਉ ਕਿ ਰੀਸਾਇਕਲਿੰਗ ਸਮਾਨ ਨੀਲੇ ਕਾਰਟ ‘ਚ ਪਾਏ ਜਾਣ ਤੋਂ ਪਹਿਲਾਂ ਖਾਲੀ, ਸਾਫ ਅਤੇ ਸੁੱਕਿਆ ਹੋਇਆ ਹੋਵੇ।
- ਆਪਣੇ ਕਾਰਟ ‘ਚ ਨੀਲੇ ਬੈਗ ਨਾ ਵਰਤੋ। ਵਸਤਾਂ ਸਿੱਧੀਆਂ ਕਾਰਟ ਦੇ ਵਿਚ ਪਾਉ।
- ਭੋਜਨ, ਥਿੰਦੇ ਨਾਲ ਲਿੱਬੜੀਆਂ ਵਸਤਾਂ ਅਤੇ ਤਰਲਾਂ ਨੂੰ ਕਾਰਟ ਵਿਚ ਨਾ ਪਾਉ।
- ਸਮੱਗਰੀ ਨੂੰ ਸਹੀ ਢੰਗ ਨਾਲ ਅੱਡ ਅੱਡ ਕਰ ਲਉ।
- ਜੇਕਰ ਤੁਹਾਨੂੰ ਪੱਕਾ ਪਤਾ ਨਾ ਲੱਗੇ ਕਿ ਕਿਹੜੀ ਚੀਜ਼ ਕਿੱਥੇ ਜਾਣੀ ਚਾਹੀਦੀ ਹੈ ਤਾਂ **abbotsford.ca/wastewizard** ਵੇਖੋ। ਵੇਸਟ ਵਿਜ਼ਾਰਡ ਆਨਲਾਈਨ ਉਪਲਬਧ ਹੈ ਅਤੇ ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ ‘ਤੇ ਮੁਫਤ ਮਿਲਦਾ ਹੈ।

## ਫੌਰੀ ਨੁਕਤਾ

**ਕੂੜ-ਕਬਾੜ ਨੂੰ ਸਹੀ ਢੰਗ ਨਾਲ ਅੱਡ ਅੱਡ ਕਰੋ!**

ਜੇਕਰ ਤੁਹਾਡੇ ਰੀਸਾਇਕਲਿੰਗ ਕਾਰਟ ਵਿਚ ਬਹੁਤ ਸਾਰੀ ਗਲਤ ਕਿਸਮ ਦੀ ਸਮੱਗਰੀ ਪਾਈ ਗਈ ਹੈ ਤਾਂ ਹੋ ਸਕਦਾ ਤੁਹਾਡਾ ਕਾਰਟ ਚੁੱਕਿਆ ਨਾ ਜਾਵੇ।

# ਆਪਣੀ ਰੀਸਾਇਕਲ ਯੋਗ ਸਮੱਗਰੀ ਨੂੰ ਤਿਆਰ ਕਰੋ



ਢੱਕਣ ਲਾਹ ਦਿਉ



ਕੰਟਰੇਨਰਾਂ ਨੂੰ ਹੰਗਾਲੋ (ਖਾਲੀ, ਸਾਫ ਅਤੇ ਸੁੱਕੇ ਹੋਣ)



ਥਾਂ ਦੀ ਬੱਚਤ ਲਈ ਸਮੱਗਰੀ ਨੂੰ ਚਪਟੀ ਸਪਾਟ ਕਰ ਲਉ



ਕੰਟੇਨਰ ‘ਚ ਵਸਤਾਂ ਨੂੰ ਖੁੱਲ੍ਹੀਆਂ ਪਾਉ



ਕੋਈ ਨੀਲੇ ਬੈਗ ਨਹੀਂ





ਕੁਤਰਾ ਕੀਤੇ ਪੇਪਰਾਂ ਨੂੰ ਪਾਰਦਰਸ਼ੀ/ਕਲੀਅਰ ਪਲਾਸਟਿਕ ਬੈਗ ‘ਚ ਬੰਨ੍ਹ ਕੇ ਪਾਉ

# ਹੋਰ ਰੀਸਾਇਕਲ ਕਰੋ।


## ਡਿੱਪੂ ਰੀਸਾਇਕਲਿੰਗ


ਇਹ ਵਸਤਾਂ ਸੜਕ ਕਿਨਾਰਿਉਂ ਚੁੱਕਣ ਵਾਲੇ ਪ੍ਰੋਗਰਾਮ ‘ਚ ਮਨਜ਼ੂਰ ਨਹੀਂ ਹਨ ਅਤੇ ਇਹ ਕਿਸੇ ਰੀਸਾਇਕਲਿੰਗ ਡਿੱਪੂ ਜਾਂ ਸੁੱਟਣ ਵਾਲੀ ਕਿਸੇ ਹੋਰ ਥਾਂ ‘ਤੇ ਮੁਫਤ ਸੁੱਟੀਆਂ ਜਾ ਸਕਦੀਆਂ ਹਨ। **abbotsford.ca/wastewizard** ਅਤੇ ਇਸ ਕਿਤਾਬਚੇ ਦੇ ਸਫਾ 18 ‘ਤੇ ਐਬਟਸਫੋਰਡ ‘ਚ ਆਪਣੇ ਨੇੜੇ ਦੇ ਡਿੱਪੂ ਸਥਾਨ ਬਾਰੇ ਭਾਲ ਕਰੋ।



ਸ਼ੀਸ਼ਾ (ਬੋਤਲਾਂ ਅਤੇ ਮਰਤਬਾਨ)





ਪਲਾਸਟਿਕ ਬੈਗ


ਫੋਮ ਪੈਕੇਜਿੰਗ (ਫੋਮ ਮੀਟ ਟਰੇਆਂ, ਟੇਕ ਆਊਟ ਕੰਟੇਨਰ, ਕੱਪ ਅਤੇ ਇਲੈਕਟ੍ਰਾਨਿਕਾਂ ‘ਚੋਂ ਨਿਕਲੀ ਗੱਦੀਦਾਰ ਪੈਕੇਜਿੰਗ)


ਸਕਰੈਪ ਕੀਤੀ ਧਾਤ



ਬੈਟਰੀਆਂ



ਪਲਾਸਟਿਕ ਓਵਰਰੈਪ



ਪ੍ਰੋਪੇਨ ਟੈਂਕੀਆਂ



ਰੋਗਨ ਅਤੇ ਸਪਰੇਅ ਪੇਂਟ


ਘੋਲਕ, ਬਲਣਸ਼ੀਲ ਅਤੇ ਕੀਟਨਾਸ਼ਕ



ਕੁੱਕਿੰਗ ਵਾਲਾ ਤੇਲ



ਪਲਾਸਟਿਕ ਸੀਲ ਸਹਿਤ ਲਚਕੀਲੀ ਪੈਕੇਜਿੰਗ



ਜਾਲੀਦਾਰ ਪਲਾਸਟਿਕ ਪੈਕੇਜਿੰਗ





ਵੱਟਦਾਰ ਰੈਪਰ ਅਤੇ ਬੈਗ


ਜ਼ਿੱਪਰ ਵਾਲੇ ਖੜ੍ਹਵੇਂ ਥੈਲੇ


ਬੱਤੀਆਂ ਅਤੇ ਬੱਤੀਆਂ ਦੀਆਂ ਲੜੀਆਂ



ਬਿਜਲੀ ਦੇ ਬਲਬ



ਥਰਮੋਸਟੈਟ ਅਤੇ ਸਮੋਕ ਅਲਾਰਮ


ਛੋਟੇ ਇਲੈਕਟ੍ਰਾਨਿਕਸ ਅਤੇ ਸੈਲ ਫੋਨ



ਸੁਰੱਖਿਆ ਦੇਣ ਵਾਲੀ ਗੈਰ-ਭੋਜਨੀ ਪੈਕੇਜਿੰਗ (ਬਬਲ ਰੈਪ)



ਦਵਾਈਆਂ ਅਤੇ ਤਿੱਖੀਆਂ ਵਸਤਾਂ



ਛੋਟੇ ਐਪਲਾਇੰਸ ਅਤੇ ਪਾਵਰ ਟੂਲ


ਟਾਇਰ


ਬੈਵਰੇਜ ਕੰਟੇਨਰ



ਵੱਡੇ ਐਪਲਾਇੰਸ


ਕਸਰਤ ਵਾਲੀਆਂ ਮਸ਼ੀਨਾਂ


ਬਾਹਰ ਵਰਤੋਂ ਵਾਲੇ ਪਾਵਰ ਟੂਲ

# ਕੰਪੋਸਟਯੋਗ ਸਮੱਗਰੀ।


## ਹਰੇ ਕਾਰਟਾਂ 'ਚ ਮਨਜ਼ੂਰ


ਮੀਟ, ਹੱਡੀਆਂ ਅਤੇ ਮੱਛੀ



ਬਰੈਡ ਅਤੇ
ਬੇਕ ਕੀਤੀਆਂ ਚੀਜ਼ਾਂ


ਪਾਸਤਾ ਅਤੇ ਅਨਾਜ


ਡੇਅਰੀ ਉਤਪਾਦਨ


ਪੇਪਰ ਬੈਗ ਅਤੇ ਅੰਦਰਸ



ਫਲ ਅਤੇ ਸਬਜ਼ੀਆਂ


ਆਂਡਿਆਂ ਦੇ ਛਿੱਕੜ, ਆਂਡੇ
ਅਤੇ ਗਿਰੀਆਂ ਦੇ ਛਿਲਕੇ



ਪੀਤੀ ਕੌਫੀ ਅਤੇ
ਫਿਲਟਰ, ਟੀ ਬੈਗ


ਪਲੇਟਾਂ ਦੀ ਰਹਿੰਦ-ਖੂੰਹਦ



ਸਲਾਦ ਅਤੇ ਡਰੈਸਿੰਗ


ਸੁੱਟਣਯੋਗ ਲੱਕੜੀ ਦੀਆਂ ਵਸਤਾਂ (ਪਾਪਸਿਕਲ ਸਟਿੱਕਾਂ,
ਟੁੱਥਪਿੱਕਸ, ਚੌਪ ਸਟਿੱਕਾਂ ਅਤੇ ਕੱਟਲਰੀ)


ਕੌਂਡੀਮੈਂਟ, ਸੌਸਾਂ, ਗਰੇਵੀ
ਅਤੇ ਜੈਮ


ਭੋਜਨ ਨਾਲ ਲਿੱਬੜੇ ਪੇਪਰ


ਥੋੜ੍ਹੀ ਮਾਤਰਾ 'ਚ ਪੇਪਰਾਂ 'ਚ ਜੀਰਿਆ ਥਿੰਦਾ


ਕੱਟਿਆ ਘਾਹ, ਪੱਤੇ
ਅਤੇ ਨਦੀਨ


ਟਾਹਣੀਆਂ

**ਫੌਰੀ ਨੁਕਤਾ**
ਯਾਰਡ ਦਾ ਵਧੇਰੇ ਕੂੜ-ਕਬਾੜ
**ਨੈੱਟ ਜ਼ੀਰੋ ਵੇਸਟ**
5050 ਗਲੈਡਵਿਨ ਰੋਡ | 604-557-7065
**netzerowasteabbotsford.com**

## ਹਰੇ ਕਾਰਟਾਂ 'ਚ ਮਨਜ਼ੂਰ ਨਹੀਂ


ਕੋਈ ਪਲਾਸਟਿਕ ਬੈਗ **ਨਹੀਂ**
(ਇਥੋਂ ਤੱਕ ਕਿ ਬਾਇਓਡੀਗਰੇਡੇਬਲ ਜਾਂ
ਕੰਪੋਸਟੇਬਲ ਪਲਾਸਟਿਕ ਵੀ ਨਹੀਂ।)


ਪਾਲਤੂਆਂ ਦਾ ਕੂੜ-ਕਬਾੜ ਜਾਂ
ਬਿੱਲੀਆਂ ਦਾ ਗੰਦ ਮੰਦ **ਨਹੀਂ**


ਕੋਈ ਡਾਇਪਰ **ਨਹੀਂ**


ਕੋਈ ਸੈਨੇਟਰੀ ਵਾਈਪ ਜਾਂ
ਸਫਾਈ ਵਾਲੇ ਵਾਈਪ **ਨਹੀਂ**

# ਰਸੋਈ ਵਿਚਲੇ ਕੰਟੇਨਰ ਸਬੰਧੀ ਨੁਕਤੇ

**ਇਸਨੂੰ ਘੱਟ ਕਰੋ –** ਮੁਸ਼ਕ ਅਤੇ ਕੀਟਾਂ ਦੀ ਰੋਕਥਾਮ ਲਈ ਸਭ ਤੋਂ ਸਾਦਾ ਅਤੇ ਸਭ ਤੋਂ ਵੱਧ ਕਾਰਗਰ ਢੰਗ ਪੈਦਾ ਕੀਤੇ ਜਾਂਦੇ ਖਾਧ ਪਦਾਰਥ ਕੂੜ-ਕਬਾੜ ਦੀ ਮਾਤਰਾ ਨੂੰ ਘਟਾਉਣਾ ਹੈ। ਇਸ ਤੋਂ ਵੀ ਵੱਧ, ਖਾਧ ਪਦਾਰਥਾਂ ਦੇ ਕੂੜ-ਕਬਾੜ ਨੂੰ ਘਟਾਉਣ ਦੁਆਰਾ ਤੁਸੀਂ ਆਪਣੇ ਜਲਵਾਯੂ ਦਾ ਪ੍ਰਦੂਸ਼ਣ ਵੀ ਘਟਾ ਰਹੇ ਹੋਵੋਗੇ।

**ਇਸ ‘ਚ ਅੰਦਰਸ ਲਾਉ –** ਆਪਣੇ ਕੰਟੇਨਰ ਅੰਦਰ ਅਖਬਾਰਾਂ, ਪੇਪਰ ਬੈਗ ਜਾਂ ਵਰਤੇ ਹੋਏ ਪੇਪਰ ਟਾਵਲਾਂ ਦੀ ਅੰਦਰਸ ਲਗਾ ਲਉ ਜਿਹੜੀ ਸਿੱਲ ਨੂੰ ਜੀਰ ਲਵੇਗੀ ਅਤੇ ਕੰਟੇਨਰ ਨੂੰ ਸਾਫ ਰੱਖੇਗੀ। ਯਾਦ ਰੱਖੋ ਕਰਬਸਾਈਡ ਪ੍ਰੋਗਰਾਮ ‘ਚ ਪਲਾਸਟਿਕ ਬੈਗ ਮਨਜ਼ੂਰ ਨਹੀਂ ਕੀਤੇ ਜਾਂਦੇ!

**ਇਸ ‘ਤੇ ਢੱਕਣ ਲਾਉ –** ਖਾਧ ਪਦਾਰਥਾਂ ਦਾ ਸਾਰਾ ਕੂੜ-ਕਬਾੜ ਹਰ ਸਮੇਂ ਬੰਦ ਢੱਕਣ ਵਾਲੇ ਕੰਟੇਨਰ ‘ਚ ਰੱਖੋ।

**ਇਸ ਨੂੰ ਡੋਲ੍ਹ ਲਉ –** ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਚੋਂ ਵਾਧੂ ਤਰਲ ਸਿੰਕ ‘ਚ ਡੋਲ੍ਹ ਦਿਉ।

**ਇਸ ਨੂੰ ਲਪੇਟ ਲਉ –** ਰਸੋਈ ਵਾਲੇ ਕੰਟੇਨਰ ‘ਚ ਪਾਉਂਣ ਤੋਂ ਪਹਿਲਾਂ ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਨੂੰ ਅਖਬਾਰ, ਪੇਪਰ ਬੈਗ ਜਾਂ ਵਰਤੇ ਹੋਏ ਟਾਵਲ ਪੇਪਰ ‘ਚ ਲਪੇਟ ਲਉ।

**ਇਸ ਨੂੰ ਜਮਾਅ ਲਉ –** ਮੀਟ ਦੀ ਰਹਿੰਦ ਖੂੰਹਦ ਅਤੇ ਹੋਰ ਗੰਦੀ ਜਾਂ ਮੁਸ਼ਕ ਮਾਰਨ ਵਾਲੀ ਰਹਿੰਦ ਖੂੰਹਦ ਨੂੰ ਕੂੜਾ ਚੁੱਕੇ ਜਾਣ ਵਾਲੇ ਦਿਨ ਤੀਕਰ ਜਮਾਅ ਲਉ।

**ਇਸ ‘ਚ ਛਿੜਕ ਲਉ –** ਮੁਸ਼ਕ ਘਟਾਉਣ ਲਈ ਕੰਟੇਨਰ ਦੇ ਅੰਦਰ ਬੇਕਿੰਗ ਸੋਢਾ ਛਿੜਕ ਲਉ।

**ਇਸ ਨੂੰ ਖਾਲੀ ਕਰੋ –** ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਨੂੰ ਕੰਟੇਨਰ ‘ਚ ਬਹੁਤਾ ਲੰਮਾ ਸਮਾਂ ਪਈ ਨਾ ਰਹਿਣ ਦਿਉ। ਮੁਸ਼ਕ ਅਤੇ ਫਰੂਟ ਫਲਾਈਆਂ ਵਰਗੇ ਕੀਟਾਂ ਤੋਂ ਬਚਾਅ ਲਈ ਇਸ ਨੂੰ ਅਕਸਰ ਖਾਲੀ ਕਰਦੇ ਰਹੋ।

**ਇਸ ਨੂੰ ਸਾਫ ਕਰੋ –** ਆਪਣੇ ਕੰਟੇਨਰ ਨੂੰ ਬਾਕਾਇਦਾ ਰੂਪ ‘ਚ ਹੰਗਾਲਦੇ ਜਾਂ ਧੋਂਦੇ ਰਹੋ।



### ਫੌਰੀ ਨੁਕਤਾ

ਕਾਰਟ ਨੂੰ ਵਧੇਰੇ ਸਾਫ ਸੁਥਰਾ ਰੱਖਣ ਲਈ ਆਪਣੇ ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਨੂੰ ਅਖਬਾਰ ‘ਚ ਲਪੇਟੋ ਜਾਂ ਪੇਪਰ ਬੈਗ ‘ਚ ਪਾ ਕੇ ਰੱਖੋ!

# ਕੰਪੋਸਟੇਬਲਾਂ ਵਾਲੇ ਕਾਰਟ ਬਾਰੇ ਨੁਕਤੇ

**ਸੰਭਾਲ ਕੇ ਅਤੇ ਸੁਰੱਖਿਅਤ ਰੱਖੋ –** ਭਾਲੂਆਂ ਅਤੇ ਹੋਰ ਜੰਗਲੀ ਜੀਵਾਂ ਦੀ ਪਹੁੰਚ ਤੋਂ ਬਚਾਅ ਲਈ ਆਪਣੇ ਕਾਰਟ ਨੂੰ ਚੰਗੀ ਹਵਾਦਾਰ ਸੁਰੱਖਿਅਤ ਥਾਂ ‘ਤੇ ਅੰਦਰ ਰੱਖੋ।

**ਇਸ ਨੂੰ ਢੱਕਣ ਦੇ ਕੇ ਰੱਖੋ –** ਆਪਣੇ ਕਾਰਟ ਦਾ ਢੱਕਣ ਹਰ ਸਮੇਂ ਬੰਦ ਰੱਖੋ।

**ਇਸ ‘ਚ ਅੰਦਰਸ ਲਗਾਉ –** ਤਰਲਾਂ ਨੂੰ ਘੱਟ ਕਰਨ ਲਈ ਆਪਣੇ ਕਾਰਟ ਅੰਦਰ ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਪਾਉਣ ਤੋਂ ਪਹਿਲਾਂ ਉਸ ‘ਚ ਅਖਬਾਰਾਂ, ਪਾੜੇ ਹੋਏ ਕਾਰਡਬੋਰਡ ਜਾਂ ਯਾਰਡ ਦੀ ਕਾਂਟ ਛਾਂਟ ਦੀ ਅੰਦਰਾਸ ਬਣਾ ਲਉ।

**ਇਸ ‘ਚ ਤਹਿਆਂ ਬਣਾਉ –** ਆਪਣੇ ਕਾਰਟ ਅੰਦਰਲੀ ਸਮੱਗਰੀ ਨੂੰ ਖਾਧ ਪਦਾਰਥਾਂ ਅਤੇ ਸੁੱਕੇ ਪੱਤਿਆਂ, ਸੁੱਕੇ ਕੱਟੇ ਘਾਹ ਜਾਂ ਯਾਰਡ ਦੀ ਹੋਰ ਕਾਂਟ ਛਾਂਟ ਦੀਆਂ ਬਦਲਵੀਆਂ ਤਹਿਆਂ ਬਣਾਉਣ ਦੁਆਰਾ ਸੁੱਕਿਆਂ ਰੱਖੋ।

**ਇਹਨੂੰ ਬਾਹਰ ਰੱਖੋ –** ਕੂੜਾ ਚੁੱਕੇ ਜਾਣ ਵਾਸਤੇ ਕਾਰਟ ਨੂੰ ਬਾਹਰ ਰੱਖੋ ਭਾਵੇਂ ਕਿ ਉਹ ਪੂਰਾ ਭਰਿਆ ਨਾ ਵੀ ਹੋਵੇ।

**ਇਸਨੂੰ ਟਰੀਟ ਕਰੋ –** ਜੇਕਰ ਜਾਨਵਰਾਂ ਨੇ ਤੁਹਾਡੇ ਕਾਰਟ ਨੂੰ ਚੱਬਿਆ ਹੈ ਤਾਂ ਚੱਬੇ ਹੋਏ ਥਾਂ ‘ਤੇ ਪੈਪਰਮਿੰਟ ਤੇਲ, ਕੌੜੀ ਸੌਸ, ਕਾਯੇਨ ਜਾਂ ਚਿੱਲੀ ਮਿਰਚ ਮਲੋ। ਲੂਣ ਅਤੇ ਸਿਰਕੇ ਦੀ ਵਰਤੋਂ ਨਾਲ ਕੀੜਿਆਂ ਨੂੰ ਖਤਮ ਕਰੋ।

**ਇਸਨੂੰ ਸਾਫ ਕਰੋ –** ਥੋੜ੍ਹੇ ਥੋੜ੍ਹੇ ਚਿਰ ਬਾਦ ਆਪਣੇ ਕਾਰਟ ਨੂੰ ਸਾਬਣ ਜਾਂ ਸਿਰਕੇ ਤੇ ਪਾਣੀ ਦੇ ਘੋਲ ਨਾਲ ਹੰਗਾਲੋ ਜਾਂ ਸਾਫ ਕਰੋ। ਧੋਣ ਵਾਲੇ ਘੋਲ ਨੂੰ ਘਾਹ, ਬੱਜਰੀ ਜਾਂ ਆਪਣੀ ਟਾਇਲਟ ‘ਚ ਡੋਲ੍ਹ ਦਿਉ।

# ਗਾਰਬੇਜ।

## ਸੁਰਮੇ ਰੰਗੇ ਕਾਰਟਾਂ 'ਚ ਮਨਜ਼ੂਰ ਸਮਾਨ

- 6 ਪੈਕ ਬੈਵਰੇਜ ਕੈਨਾਂ ਤੋਂ ਲੱਥੇ ਪਲਾਸਟਿਕ ਰਿੰਗ
- ਟੁੱਟੀ ਹੋਈ ਚੀਨੀ ਜਾਂ ਕੱਚ ਦੇ ਬਰਤਨ
- ਸਿਗਰਟਾਂ ਦੇ ਟੋਟੇ ਅਤੇ ਸੁਆਹ
- ਡਾਇਪਰ (ਬੈਗ 'ਚ ਬੰਨ੍ਹੇ ਹੋਏ)
- ਡਰਾਇਅਰ ਲਿੰਟ ਅਤੇ ਡਰਾਇਅਰ ਸ਼ੀਟਾਂ
- ਬੇਬੀ ਵਾਈਪ ਅਤੇ ਕਲੀਨਿੰਗ ਵਾਈਪ
- ਵੈਕਿਊਮ ਕਲੀਨਰ ਬੈਗ ਅਤੇ ਕੂੜਾ
- ਪਲਾਸਟਿਕ ਹੈਂਗਰ
- ਬਿੱਲੀਆਂ ਦਾ ਗੰਦ ਮੰਦ ਅਤੇ ਪਾਲਤੂਆਂ ਦਾ ਕੂੜ-ਕਬਾੜ (ਬੈਗ 'ਚ ਬੰਨ੍ਹੇ ਹੋਏ)
- 3 PVC ਪੀ ਵੀ ਸੀ/ਵਿਨਾਇਲ (ਪੀ ਵੀ ਸੀ ਪਾਈਜ਼ ਅਤੇ ਵਿਨਾਇਲ ਸਾਈਡਿੰਗ)
- ਕੰਪੋਸਟਯੋਗ ਅਤੇ ਬਾਇਓਡੀਗਰੇਡੇਬਲ ਪਲਾਸਟਿਕ ਬੈਗ
- ਰੂੰ ਦੇ ਗੋਲੇ, ਫੰਬੇ, ਡੈਂਟਲ ਫਲਾਸ ਅਤੇ ਸੈਨੇਟਰੀ ਉਤਪਾਦਨ
- ਸੁੱਟਣਯੋਗ ਮਾਸਕ ਅਤੇ ਦਸਤਾਨੇ
- ਪਲਾਸਟਿਕ ਟੁੱਥਬਰੱਸ਼ ਅਤੇ ਟੁੱਥਪੇਸਟ ਟਿਊਬਾਂ

**ਫੌਰੀ ਨੁਕਤਾ**

ਕਈ ਚੀਜ਼ਾਂ ਸੁੱਟ ਦੇਣ ਦੀ ਬਜਾਏ ਚੈਰਿਟੀ ਨੂੰ ਦਾਨ ਜਾਂ ਰੀਸਾਈਕਲ ਕੀਤੀਆਂ ਜਾ ਸਕਦੀਆਂ ਹਨ। ਆਉ ਆਪਾਂ ਲੈਂਡਫਿਲ 'ਚ ਜਾਣ ਵਾਲੇ ਕੂੜ-ਕਬਾੜ ਦੀ ਮਾਤਰਾ ਨੂੰ ਘਟਾਉਣ ਲਈ ਆਪਣਾ ਹਿੱਸਾ ਅਦਾ ਕਰੀਏ।

# ਜੰਗਲੀ ਜਾਨਵਰਾਂ ਦੇ ਹੁੰਦਿਆਂ ਹੋਇਆਂ ਨਾਲ ਵੱਸਣਾ

ਬਹੁਤ ਸਾਰੇ ਜੰਗਲੀ ਜਾਨਵਰ ਜੋ ਐਬਟਸਫੋਰਡ 'ਚ ਟੱਕਰਦੇ ਹਨ ਉਨ੍ਹਾਂ ਨੂੰ ਆਪਣਾ ਕੂੜ ਕਬਾੜ ਅਤੇ ਉਨ੍ਹਾਂ ਨੂੰ ਸੱਦਾ ਦੇਣ ਵਾਲੇ ਹੋਰ ਪਦਾਰਥਾਂ ਨੂੰ ਸਹੀ ਢੰਗ ਨਾਲ ਨਿਪਟਾਉਣ ਦੀ ਆਪਣੀ ਜ਼ਿੰਮੇਵਾਰੀ ਸਮਝਣ ਦੁਆਰਾ ਰੋਕ ਸਕਦੇ ਹਾਂ। ਜੰਗਲੀ ਜੀਵ ਦਿਸਣ ਜਾਂ ਭਾਲੂਆਂ ਅਤੇ ਕੂਗਰਾਂ ਦੇ ਟੱਕਰਨ ਦੀ ਕੰਜ਼ਰਵੇਸ਼ਨ ਅਫਸਰ ਸਰਵਿਸ ਦੀ ਰਿਪੋਰਟਿੰਗ ਲਾਈਨ 1-877-952-7277 'ਤੇ ਝਟਪਟ ਰਿਪੋਰਟ ਕਰਨੀ ਚਾਹੀਦੀ ਹੈ।

# ਗਾਰਬੇਜ ਅਤੇ ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਨਾਲ ਕਿਵੇਂ ਨਿਪਟਣਾ ਹੈ


**ਇਸ ਨੂੰ ਘਟਾਉ –** ਗਾਰਬੇਜ ਨਾਲ ਨਿਪਟਣ ਲਈ ਪਹਿਲੀ ਗੱਲ ਕਿ ਇਸਨੂੰ ਬਣਨ ਨਾ ਦਿੱਤਾ ਜਾਵੇ। ਗਾਰਬੇਜ ਅਤੇ ਖਾਧ ਪਦਾਰਥਾਂ ਦੇ ਕੂੜ-ਕਬਾੜ ਦੇ ਪੈਦਾ ਹੋਣ ਨੂੰ ਰੋਕਣ ਨਾਲ ਉਹ ਸਮੱਗਰੀ ਘੱਟ ਕਰਨ 'ਚ ਮਦਦ ਮਿਲੇਗੀ ਜਿਸ ਨਾਲ ਤੁਹਾਨੂੰ ਨਿਪਟਣਾ ਹੁੰਦਾ ਹੈ।

**ਇਸ ਨੂੰ ਸਟੋਰ ਕਰੋ –** ਕੂੜਾ ਚੁੱਕੇ ਜਾਣ ਦੀ ਸਵੇਰ ਤੋਂ ਪਹਿਲਾਂ ਤੱਕ ਸੜਕ ਕਿਨਾਰੇ ਰੱਖੀ ਜਾਣ ਵਾਲੀ ਸਮੱਗਰੀ ਨੂੰ ਅੰਦਰਵਾਰ ਜਾਂ ਕਿਸੇ ਸੁਰੱਖਿਅਤ ਥਾਂ 'ਤੇ ਰੱਖੀ ਰੱਖੋ।

**ਇਸਨੂੰ ਜਮਾਅ ਲਉ –** ਮੁਸ਼ਕ ਨੂੰ ਘਟਾਉਣ 'ਚ ਮਦਦ ਵਾਸਤੇ ਕੂੜਾ ਚੁੱਕੇ ਜਾਣ ਦੇ ਦਿਨ ਤੱਕ ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਨੂੰ ਜਮਾਅ ਲਉ। ਮੁਸ਼ਕ ਅਤੇ ਖਿਲਾਰਾ ਘੱਟ ਕਰਨ ਲਈ ਤੁਸੀਂ ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਨੂੰ ਅਖਬਾਰਾਂ ਜਾਂ ਪੇਪਰ ਬੈਗਾਂ 'ਚ ਲਪੇਟਣਾ ਵੀ ਟਰਾਈ ਕਰ ਸਕਦੇ ਹੋ।

**ਇਸਨੂੰ ਸਾਫ ਕਰੋ –** ਕੂੜਾ ਚੁੱਕੇ ਜਾਣ ਤੋਂ ਬਾਦ ਹਲਕੇ ਸਾਬਣ ਜਾਂ ਸਿਰਕੇ ਨਾਲ ਕੰਟੇਨਰ ਨੂੰ ਹੰਗਾਲੋ ਜਾਂ ਧੋ ਲਉ। ਇਸ ਨਾਲ ਮੁਸ਼ਕ ਨੂੰ ਘਟਾਉਣ 'ਚ ਮਦਦ ਮਿਲੇਗੀ।

# ਆਪਣੇ ਵੱਲ ਖਿੱਚਣ ਵਾਲੇ ਹੋਰ ਪਦਾਰਥਾਂ ਦਾ ਪ੍ਰਬੰਧਨ ਕਿਵੇਂ ਕਰਨਾ



ਬਾਹਰ ਰੱਖੇ ਫਰਿੱਜਾਂ ਅਤੇ ਫਰੀਜ਼ਰਾਂ ਨੂੰ ਚੁੱਕ ਲਉ



ਕੁੱਤਿਆਂ ਦੇ ਖਾਣੇ ਨੂੰ ਅੰਦਰਵਾਰ ਰੱਖੋ



ਅਪਰੈਲ – ਨਵੰਬਰ ਤੱਕ ਪੰਛੀਆਂ ਦੇ ਫੀਡਰ ਹਟਾ ਲਉ



ਜਦੋਂ ਫਲ ਪੱਕਣ ਤਾਂ ਜਲਦੀ ਤੋਂ ਜਲਦੀ ਤੋੜ ਲਉ



ਵਰਤਣ ਤੋਂ ਮਗਰੋਂ ਬਾਰਬਿਕਿਊ ਸਾਫ ਕਰੋ



ਜ਼ੁੰਮੇਵਾਰੀ ਸਹਿਤ ਕੰਪੋਸਟ ਕਰੋ

### ਫੌਰੀ ਨੁਕਤਾ

ਭਾਲੂਆਂ ਪ੍ਰਤਿ ਸਾਵਧਾਨ ਰਹੋ! ਮਨੁੱਖਾਂ ਅਤੇ ਜੰਗਲੀ ਜਾਨਵਰਾਂ ਦੇ ਸੰਪਰਕ ਨੂੰ ਘਟਾਉਣ ਲਈ ਹੋਰ ਨੁਕਤੇ ਵੇਖਣ ਵਾਸਤੇ **wildsafebc.com** 'ਤੇ ਜਾਉ।


# 2021 ਕੁਲੈਕਸ਼ਨ ਕੈਲੰਡਰ:
## ਸਿਟੀ ਕੁਲੈਕਸ਼ਨ

ਰੰਗਦਾਰ ਖੇਤਰਾਂ 'ਚ ਵੇਖੋ ਕਿ ਤੁਹਾਡਾ ਘਰ ਕਿੱਥੇ ਸਥਿੱਤ ਹੈ।

ਕੂੜਾ ਚੁੱਕਣ ਵਾਲੇ ਦਿਨਾਂ ਬਾਰੇ ਜਾਣਨ ਲਈ ਅਗਲੇ ਸਫੇ 'ਤੇ ਦਿੱਤੇ ਰੰਗਾਂ ਦੇ ਕੋਡ ਵਾਲੇ ਕੈਲੰਡਰ ਨੂੰ ਵੇਖੋ।

ਤੁਸੀਂ ਆਪਣਾ ਜ਼ੋਨ **abbotsford.ca /collectionschedule** 'ਤੇ ਆਨਲਾਈਨ ਵੀ ਵੇਖ ਸਕਦੇ ਹੋ।

**ਇਨਕੁਆਰੀਆਂ ਲਈ:**
**ਸਿਟੀ ਕੁਲੈਕਸ਼ਨ**
604-864-5640
**waste@abbotsford.ca**



# 2021 ਕੁਲੈਕਸ਼ਨ ਕੈਲੰਡਰ:
## ਸਿਟੀ ਕੁਲੈਕਸ਼ਨ

ਨਵਾਂ ਕਾਰਟ ਪ੍ਰੋਗਰਾਮ **19 ਅਪਰੈਲ 2021** ਨੂੰ ਸ਼ੁਰੂ ਹੋਵੇਗਾ।

ਕੂੜਾ ਚੁੱਕੇ ਜਾਣ ਦਾ ਤੁਹਾਡਾ ਦਿਨ ਉਪਰਲੇ ਨਕਸ਼ੇ 'ਚ ਪਛਾਣ ਕੀਤੇ ਤੁਹਾਡੇ ਰੰਗਦਾਰ ਜ਼ੋਨ 'ਤੇ ਆਧਾਰਿਤ ਹੋਵੇਗਾ।

◯ **ਗਾਰਬੇਜ** ਗੋਲ ਚੱਕਰ ਲੱਗੇ ਦਿਨਾਂ 'ਤੇ ਚੁੱਕਿਆ ਜਾਂਦਾ ਹੈ।

☐ **ਰੀਸਾਇਕਲਿੰਗ** ਵਰਗਾਕਾਰ ਲੱਗੇ ਵਾਲੇ ਦਿਨਾਂ 'ਤੇ ਚੁੱਕਿਆ ਜਾਂਦਾ ਹੈ।

**ਕੰਪੋਸਟਯੋਗ** ਸਮਾਨ ਹਰ ਹਫਤੇ ਚੁੱਕਿਆ ਜਾਂਦਾ ਹੈ।

ਸੁਰਮੇ ਰੰਗੇ ਬਕਸਿਆਂ ਨਾਲ ਦਰਸਾਏ ਗਏ ਸਰਕਾਰੀ ਛੁੱਟੀਆਂ ਦੇ ਦਿਨਾਂ 'ਤੇ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ।

Never miss a collection day! Download the free **Abbotsford Curbside Collection app** to get collection day reminders and service alerts.
**abbotsford.ca/waste**

### APRIL

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

### MAY

| S | M | T | W | Th | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### JUNE

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

### JULY

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

### AUGUST

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

### SEPTEMBER

| S | M | T | W | Th | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

### OCTOBER

| S | M | T | W | Th | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

### NOVEMBER

| S | M | T | W | Th | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

### DECEMBER

| S | M | T | W | Th | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

ਵਧੀਕ ਕੈਲੰਡਰ **abbotsford.ca/collectionschedule** ਤੋਂ ਆਨਲਾਈਨ 'ਤੋਂ ਛਾਪੇ ਜਾ ਸਕਦੇ ਹਨ।

# 2021 ਕੁਲੈਕਸ਼ਨ ਕੈਲੰਡਰ:


## ਕਾਂਟਰੈਕਟਰ ਕੁਲੈਕਸ਼ਨ

ਰੰਗਦਾਰ ਖੇਤਰਾਂ 'ਚ ਵੇਖੋ ਕਿ ਤੁਹਾਡਾ ਘਰ ਕਿੱਥੇ ਸਥਿੱਤ ਹੈ।

ਕੂੜਾ ਚੁੱਕਣ ਵਾਲੇ ਦਿਨਾਂ ਬਾਰੇ ਜਾਣਨ ਲਈ ਅਗਲੇ ਸਫੇ 'ਤੇ ਦਿੱਤੇ ਰੰਗਾਂ ਦੇ ਕੋਡ ਵਾਲੇ ਕੈਲੰਡਰ ਨੂੰ ਵੇਖੋ।

ਤੁਸੀਂ ਆਪਣਾ ਜ਼ੋਨ **abbotsford.ca /collectionschedule** 'ਤੇ ਆਨਲਾਈਨ ਵੀ ਵੇਖ ਸਕਦੇ ਹੋ।

**ਇਨਕੁਆਰੀਆਂ ਲਈ:**
**ਕਾਂਟਰੈਕਟਰ ਕੁਲੈਕਸ਼ਨ**
604-864-5640
**waste@abbotsford.ca**



# 2021 ਕੁਲੈਕਸ਼ਨ ਕੈਲੰਡਰ:
## ਕਾਂਟਰੈਕਟਰ ਕੁਲੈਕਸ਼ਨ

ਨਵਾਂ ਕਾਰਟ ਪ੍ਰੋਗਰਾਮ **19 ਅਪਰੈਲ 2021** ਨੂੰ ਸ਼ੁਰੂ ਹੋਵੇਗਾ।

ਕੂੜਾ ਚੁੱਕੇ ਜਾਣ ਦਾ ਤੁਹਾਡਾ ਦਿਨ ਉਪਰਲੇ ਨਕਸ਼ੇ 'ਚ ਪਛਾਣ ਕੀਤੇ ਤੁਹਾਡੇ ਰੰਗਦਾਰ ਜ਼ੋਨ 'ਤੇ ਆਧਾਰਿਤ ਹੋਵੇਗਾ।

○ **ਗਾਰਬੇਜ** ਗੋਲ ਚੱਕਰ ਲੱਗੇ ਦਿਨਾਂ 'ਤੇ ਚੁੱਕਿਆ ਜਾਂਦਾ ਹੈ।

□ **ਰੀਸਾਇਕਲਿੰਗ** ਵਰਗਾਕਾਰ ਲੱਗੇ ਵਾਲੇ ਦਿਨਾਂ 'ਤੇ ਚੁੱਕਿਆ ਜਾਂਦਾ ਹੈ।

**ਕੰਪੋਸਟਯੋਗ** ਸਮਾਨ ਹਰ ਹਫਤੇ ਚੁੱਕਿਆ ਜਾਂਦਾ ਹੈ।

ਸੁਰਮੇ ਰੰਗੇ ਬਕਸਿਆਂ ਨਾਲ ਦਰਸਾਏ ਗਏ ਸਰਕਾਰੀ ਛੁੱਟੀਆਂ ਦੇ ਦਿਨਾਂ 'ਤੇ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ।

Never miss a collection day! Download the free **Abbotsford Curbside Collection app** to get collection day reminders and service alerts.
**abbotsford.ca/waste**

### APRIL

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

### MAY

| S | M | T | W | Th | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### JUNE

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

### JULY

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

### AUGUST

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

### SEPTEMBER

| S | M | T | W | Th | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

### OCTOBER

| S | M | T | W | Th | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

### NOVEMBER

| S | M | T | W | Th | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

### DECEMBER

| S | M | T | W | Th | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

ਵਧੀਕ ਕੈਲੰਡਰ **abbotsford.ca/collectionschedule** ਤੋਂ ਆਨਲਾਈਨ 'ਤੋਂ ਛਾਪੇ ਜਾ ਸਕਦੇ ਹਨ।

# ਵਧੀਕ ਸਮੱਗਰੀ

**ਯਾਦ ਪੱਤਰ:** ਸਾਰੇ ਰੀਸਾਇਕਲਿੰਗ ਡਿੱਪੂ ਇਕੋ ਤਰ੍ਹਾਂ ਦੀਆਂ ਹੀ ਚੀਜ਼ਾਂ ਮਨਜ਼ੂਰ ਨਹੀਂ ਕਰਦੇ। ਜਾਣ ਤੋਂ ਪਹਿਲਾਂ ਫੋਨ ਕਰਕੇ ਪੁੱਛ ਲਉ ਕਿ ਹਰੇਕ ਲੁਕੇਸ਼ਨ 'ਤੇ ਕੀ ਕੀ ਮਨਜ਼ੂਰ ਕੀਤਾ ਜਾਂਦਾ ਹੈ ਜਾਂ **abbotsford.ca/wastewizard** 'ਤੇ ਜਾ ਕੇ ਵੇਸਟ ਵਿਜ਼ਾਰਡ ਦੀ ਵਰਤੋਂ ਕਰੋ।

## ਰੀਸਾਇਕਲਿੰਗ ਡਿੱਪੋ

**ਐਬਟਸਫੋਰਡ ਬੌਟਲ ਡਿੱਪੋ**
33236 ਵਾਲਸ਼ ਐਵੇਨਿਊ
604-853-7770

**ਐਬਟਸਫੋਰਡ ਮਿਸ਼ਨ ਰੀਸਾਇਕਲਿੰਗ ਡਿੱਪੋ (ਅੂੰਧ)**
33670 ਵੈਲੀ ਰੋਡ
604-850-3551

**ਐਬਰਡੀਨ ਰੀਸਾਇਕਲਿੰਗ ਸੈਂਟਰ**
28789 ਫਰੇਜ਼ਰ ਹਾਈਵੇਅ
604-857-8808

**ਐਲਡਰਗਰੋਵ ਰਿਟਰਨ-ਇਟ ਡਿੱਪੋ**
27482 ਫਰੇਜ਼ਰ ਹਾਈਵੇਅ
604-856-2992

**ਮੋਅ'ਜ਼ ਬੌਟਲ ਡਿੱਪੋ**
2625 ਗਲੈਡਿਸ ਐਵੇਨਿਊ
604-859-1979

**ਆਰ ਐਂਡ ਟੀ ਰੀਸਾਇਕਲੇਬਲਜ਼ ਐਂਡ ਬੌਟਲ ਡਿੱਪੋ**
ਯੂਨਿਟ 23 - 31550 ਸਾਊਥ ਫਰੇਜ਼ਰ ਵੇਅ
604-852-6092

**ਰਿਜਨਲ ਰੀਸਾਇਕਲਿੰਗ ਐਬਟਸਫੋਰਡ**
750 ਰਿਵਰਸਾਈਡ ਰੋਡ
1-855-701-7171

## ਯਾਰਡ ਦਾ ਕੂੜ ਕਬਾੜ ਸੁੱਟਣਾ

ਨੋਟ:ਕਿਰਪਾ ਕਰਕੇ ਕੰਪੋਸਟਿੰਗ ਫੈਸਿਲਿਟੀ ਨੂੰ ਸੰਪਰਕ ਕਰਕੇ ਖੁੱਲ੍ਹਣ ਦੇ ਸਮੇਂ ਅਤੇ ਰੇਟਾਂ ਬਾਰੇ ਪੱਕਾ ਪਤਾ ਕਰ ਲਉ। ਇਸ ਫੈਸਿਲਿਟੀ 'ਤੇ ਯਾਰਡ ਵੇਸਟ ਕੂਪਨ ਵੀ ਮਨਜ਼ੂਰ ਕੀਤੇ ਜਾਂਦੇ ਹਨ।

**ਨੈੱਟ ਜ਼ੀਰੋ ਵੇਸਟ ਐਬਟਸਫੋਰਡ**
5050 ਗਲੈਡਵਿਨ ਰੋਡ | 604-557-7065

## ਟ੍ਰਾਂਸਫਰ ਸਟੇਸ਼ਨ

**ਨੋਟ:** ਕਿਰਪਾ ਕਰਕੇ ਟ੍ਰਾਂਸਫਰ ਸਟੇਸ਼ਨਾਂ ਨੂੰ ਸੰਪਰਕ ਕਰਕੇ ਖੁੱਲ੍ਹਣ ਦੇ ਸਮੇਂ ਅਤੇ ਸਮਾਨ ਸੁੱਟਣ ਦੇ ਰੇਟਾਂ ਬਾਰੇ ਪੱਕਾ ਪਤਾ ਕਰ ਲਉ।

**ਜੀ ਐੱਫ ਐੱਲ ਐਨਵਾਇਰਨਮੈਂਟਲ ਟਰਾਂਸਫਰ ਸਟੇਸ਼ਨ**
34613 ਵਾਈ ਰੋਡ
604-854-0095

**ਵੇਸਟ ਕੁਨੈਕਸ਼ਨਜ਼ ਆਫ ਕੈਨੇਡਾ ਟਰਾਂਸਫਰ ਸਟੇਸ਼ਨ**
34321 ਇੰਡਸਟਰੀਅਲ ਵੇਅ
604-864-2722

### ਕੀ ਤੁਸੀਂ ਜਾਣਦੇ ਹੋ?

ਏ ਐਮ ਆਰ ਡੀ ਸਿਟੀ ਆਫ ਐਬਟਸਫੋਰਡ ਅਤੇ ਡਿਸਟ੍ਰਿਕਟ ਆਫ ਮਿਸ਼ਨ ਦੀ ਇਕ ਸਾਂਝੀ ਸਰਵਿਸ ਹੈ ਅਤੇ ਇਹ ਮਿਊਂਸਪੈਲਿਟੀਆਂ ਵਾਸਤੇ ਆਰਚਵੇਅ ਕਮਿਊਨਿਟੀ ਸਰਵਿਸਿਜ਼ ਵਜੋਂ ਚਲਾਈ ਜਾਂਦੀ ਹੈ।

# ਮਹੱਤਵਪੂਰਨ ਜਾਣਕਾਰੀ।

## ਕੂੜਾ ਚੁੱਕਣਾ ਖੁੰਝ ਜਾਣਾ

**ਆਮ ਕਾਰਨ ਕਿ ਤੁਹਾਡਾ ਕੂੜਾ ਕਿਉਂ ਨਹੀਂ ਚੁੱਕਿਆ ਗਿਆ, ਉਹ ਹਨ:**

- ਕਾਰਟ 7:00 ਵਜੇ ਸਵੇਰ ਤੱਕ ਸੜਕ ਕਿਨਾਰੇ ਨਹੀਂ ਸੀ ਰੱਖਿਆ ਗਿਆ
- ਕਾਰਟ ਬਾਹਰ ਡੁੱਲ੍ਹ ਰਿਹਾ ਸੀ ਜਾਂ ਉਸਦਾ ਢੱਕਣ ਬੰਦ ਨਹੀਂ ਸੀ ਕੀਤਾ ਗਿਆ
- ਕੂੜ-ਕਬਾੜ ਕਰਟਾਂ ਦੇ ਪੂਰੀ ਤਰ੍ਹਾਂ ਅੰਦਰਵਾਰ ਨਹੀਂ ਸੀ
- ਕਾਰਟ ਤੱਕ ਪਾਰਕ ਕੀਤੀ ਹੋਈ ਕਾਰ, ਯੁਟਿਲਿਟੀ ਦੇ ਖੰਭੇ ਜਾਂ ਹੋਰ ਕਿਸੇ ਰੁਕਾਵਟ ਕਾਰਨ ਪਹੁੰਚ ਰੁਕੀ ਹੋਈ ਸੀ
- ਭਾਲੂ-ਰੋਕੂ ਕਾਰਟ ਉੱਪਰਲੇ ਕਲਿੱਪ ਖੋਲ੍ਹੇ ਨਹੀਂ ਸੀ ਗਏ

**ਜੇਕਰ ਉਪਰਲੇ ਕਾਰਨਾਂ 'ਚੋਂ ਕੋਈ ਲਾਗੂ ਨਾ ਹੁੰਦਾ ਹੋਵੇ ਤਾਂ ਤੁਸੀਂ ਹੇਠ ਲਿਖਿਆਂ 'ਚੋਂ ਕਿਸੇ ਵੀ ਤਰੀਕੇ ਨਾਲ ਕੂੜਾ ਚੁੱਕਣ ਦੇ ਖੁੰਝ ਜਾਣ ਦੀ ਰਿਪੋਰਟ ਕਰ ਸਕਦੇ ਹੋ:**

- **ਵੈਬਸਾਈਟ: abbotsford.ca/service;**
- **ਸਿਟੀ ਸਰਵਿਸਿਜ਼ ਐਪ: @Abbotsford** (ਐਪ ਸਟੋਰ ਅਤੇ ਗੂਗਲ ਪਲੇਅ 'ਤੇ ਉਪਲਬਧ);
- **ਟੈਲੀਫੋਨ:** 604-864-5640

## ਬਰਫਬਾਰੀ ਅਤੇ ਜੰਮੀ ਬਰਫ 'ਚ ਕੂੜਾ ਚੁੱਕਣ ਦੀਆਂ ਸੇਵਾਵਾਂ

ਸੇਵਾ ਪ੍ਰਦਾਨ ਕਰਨਾ ਸਾਡੀ ਸਰਵਉੱਚ ਤਰਜੀਹ ਹੈ, ਪਰੰਤੂ ਬਰਫਬਾਰੀ ਅਤੇ ਜੰਮੀ ਬਰਫ ਵਾਲੀਆਂ ਹਾਲਤਾਂ ਦੌਰਾਨ ਸੜਕ ਕਿਨਾਰਿਉਂ ਕੂੜਾ ਚੁੱਕਣ 'ਚ ਵਿਘਨ ਪੈ ਸਕਦਾ ਹੈ। ਜੇਕਰ ਅਜਿਹਾ ਵਾਪਰੇ ਤਾਂ ਕੂੜਾ ਚੁੱਕੇ ਜਾਣ ਨਾਲ ਸਬੰਧਤ ਜਾਣਕਾਰੀ ਵਾਸਤੇ ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ ਜਾਣਕਾਰੀ ਦਾ ਸਭ ਤੋਂ ਵਧੀਆ ਸਰੋਤ ਹੈ। ਇਹ ਐਪ ਕਿਸੇ ਵੀ ਸਮਾਰਟ ਡਿਵਾਈਸ 'ਤੇ ਐਪ ਸਟੋਰ ਜਾਂ ਗੂਗਲ ਪਲੇਅ ਤੋਂ ਮੁਫਤ ਡਾਊਨਲੋਡ ਕੀਤੀ ਜਾ ਸਕਦੀ ਹੈ। ਕੂੜਾ ਚੁੱਕਣ 'ਚ ਕਿਸੇ ਵੀ ਦੇਰੀ ਜਾਂ ਸੇਵਾ ਕੈਂਸਲ ਹੋਣ ਬਾਰੇ ਤਾਜ਼ਾ ਐਡਵਾਇਜ਼ਰੀ ਸਿਟੀ ਦੇ ਵੈਬਸਾਈਟ **abbotsford.ca** 'ਤੇ ਵੀ ਪਾਈ ਜਾਂਦੀ ਹੈ।

## ਛੁੱਟੀਆਂ ਦਾ ਕੂੜ-ਕਬਾੜ ਘਟਾਉਣਾ

ਮੌਸਮੀ ਛੁੱਟੀਆਂ ਜਿਵੇਂ ਕਿ ਹੈਲੋਵੀਨ ਜਾਂ ਕ੍ਰਿਸਮਿਸ ਭਾਵੇਂ ਮੌਜ ਮੇਲਾ ਅਤੇ ਆਨੰਦ ਲਿਆਉਂਦੀਆਂ ਹਨ ਪਰੰਤੂ ਇਹ ਕੂੜ-ਕਬਾੜ ਦੀ ਵੱਡੀ ਮਾਤਰਾ ਵੀ ਪੈਦਾ ਕਰਦੀਆਂ ਹਨ। ਖੁਣੇ ਹੋਏ ਹਲਵਾ ਕੱਦੂਆਂ ਤੋਂ ਲੈ ਕੇ ਲਪੇਟਣ ਵਾਲੇ ਪੇਪਰਾਂ ਤੱਕ ਬਾਰੇ ਇਹ ਸਿੱਖੋ ਕਿ ਛੁੱਟੀਆਂ ਦੀ ਰੁੱਤ ਦੌਰਾਨ ਕੂੜ-ਕਬਾੜ ਨੂੰ ਕਿਵੇਂ ਘਟਾਉਣਾ ਹੈ। **abbotsford.ca/reducewaste** 'ਤੇ ਜਾ ਕੇ ਕੂੜ-ਕਬਾੜ ਘਟਾਉਣ ਬਾਰੇ ਨੁਕਤੇ ਪ੍ਰਾਪਤ ਕਰੋ।

ABBOTSFORD